# Unit → 5

## 5.1 ਪਉੜੀ ਪ੍ਰਬੰਧ

(ੳ) ਪਉੜੀ ਦੇ ਆਰੰਭ ਵਿਚ ਸਲੋਕ ਦਰਜ ਕੀਤੇ ਜਾਂਦੇ ਹਨ- ਇਹ ਸਲੋਕ ਇਕ ਵੀ ਹੋ ਸਕਦਾ ਹੈ, ਦੋ ਤੇ ਤਿੰਨ ਵੀ। ਸਲੋਕਾਂ ਦੀ ਸੰਖਿਆ ਬਦਲਦੀ ਰਹਿੰਦੀ ਜਾਂਦੀ ਹੈ ਤੇ ਪਉੜੀ ਵਿਸ਼ੇਸ਼ ਦੇ ਆਰੰਭ ਨਾਲ ਹੀ ਸਮਾਪਤ ਹੋ ਜਾਂਦੀ ਹੈ। ਏਸਦੇ ਸੰਬੰਧ ਵਿਚ ਰਚਨਾ ਦੇ ਅਧੀਨ ਵਿਚ ਇਹ ਤਾਂ ਪਤਾ ਲੱਗ ਜਾਂਦਾ ਹੈ ਕਿ ਇਸ ਵਾਰ ਵਿਚ ਪਉੜੀਆਂ ਦੀ ਸੰਖਿਆ ਕਿੰਨੀ ਹੈ, ਪਰ ਇਸ ਤੋਂ ਉਲਟ ਸਲੋਕਾਂ ਦੀ ਅੰਕ ਸੰਖਿਆ ਤਰਦੀ ਤਾਂ ਹੈ, ਪਰ ਪਉੜੀ ਵਿਸ਼ੇਸ਼ ਦੇ ਆਰੰਭ ਤੇ ਪਹਿਲਾਂ ਹੀ ਅੰਕ ਸੰਕੇਤ ਨਹੀਂ ਦਸ ਦਿੱਤੀ ਜਾਂਦੀ ਹੈ ਤੇ ਬਸ ਇਹ ਸੰਖਿਆ ਸੰਕੇਤ ਪਉੜੀ ਵਾਂਗ ਵੱਧਦੀ ਨਹੀਂ ਤੇ ਨਾ ਹੀ ਅੰਤ ਉਪਰ ਇਹ ਪਤਾ ਲੱਗਦਾ ਹੈ ਕਿ ਵਾਰ ਵਿਸ਼ੇਸ਼ ਵਿਚ ਕਿੰਤੇ ਸਲੋਕ ਦਰਜ ਕੀਤੇ ਗਏ ਹਨ।

(ਅ) ਆਮ ਤੌਰ ਤੇ ਮਹਲਾ- ਸੰਕੇਤ ਪਉੜੀਆਂ ਦੇ ਰਚਨਹਾਰ ਦਾ ਸੰਕੇਤਕ ਹੈ। ਵਾਰ ਵਿਸ਼ੇਸ਼ ਵਿਚ ਸਲੋਕ ਕਿਸੇ ਵੀ ਗੁਰੂ ਦੇ ਹੋ ਸਕਦੇ ਹਨ, ਪਰ ਪਉੜੀ ਲਗਭਗ ਸੰਕੇਤਕ ਮਹਲੇ ਜਾਂ ਗੁਰੂ ਦੀ ਹੀ ਹੁੰਦੀ ਹੈ, ਸੰਦੇਹ ਨਹੀਂ। ਕਈ - ਵਾਰਾਂ ਵਿਚ ਅੱਧੀ ਪਉੜੀ ਕਿਸੇ ਹੋਰ ਗੁਰੂ ਦੀ ਵੀ ਆ ਜਾਂਦੀ ਹੈ, ਪਰ ਵਾਰ ਵਿਚ ਪਉੜੀ ਰਚਨਾ ਦਾ ਬਹੁਤਾ ਭਾਗ ਮਹਲਾ ਵਿਸ਼ੇਸ਼ ਦੁਆਰਾ ਹੀ ਰਚਿਤ ਹੁੰਦਾ ਹੈ।

(ੲ) ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਦੋ ਜੁੱਟ ਬਣੇ ਸਪਸ਼ਟ ਹਨ ਤੇ ਕੋਈ ਵੀ ਇਹ ਇਕੋ ਭਾਵ ਦਾ ਪ੍ਰਗਟਾਉ ਕਰਦੇ ਹਨ। ਉਦਾਹਰਣ ਵਜੋਂ ਆਸਾ ਦੀ ਵਾਰ ਦੇ ਸਲੋਕ ਤੁੰਤਕਾਲੀਨ ਸਮਾਜਿਕ ਯਥਾਰਥ ਨਾਲ ਸਬੰਧਿਤ ਹਨ ਤੇ ਪਉੜੀਆਂ ਪਰਮਾਤਮਕਤਾ ਨਾਲ। ਜਿਸ ਤਰ੍ਹਾਂ ਮਾਰੂ ਡੱਖਣੇ ਦੀ ਵਾਰ ਮਹਲਾ ੫ ਤੇ ਜੈਤਸਰੀ ਵਾਰ ਮਹਲਾ ੫ ਦੇ ਸਲੋਕ ਜਿਸ ਭਾਵ ਵਿਸ਼ੇ ਨੂੰ ਨਿਰੂਪਤ ਕਰਦੇ ਹਨ, ਪਉੜੀਆਂ ਵੀ ਉਸੇ ਦਾ ਪਸਾਰ ਦਰਸਾਈ ਕਰਦੀਆਂ ਹਨ। ਅਜਿਹੀ ਹਾਲਤ ਵਿਚ ਰਚਨਾ ਵਿਚ ਪ੍ਰਵਾਹਿਤ ਦਵੰਦਾਤਮਕ ਤਣਾਉ ਹੀ ਵਾਰ ਵਿਸ਼ੇ ਦਾ ਪ੍ਰਾਣ-ਤੱਤ ਹੁੰਦਾ ਹੈ।

(ਸ) ਕੁਝ ਅਜਿਹੀਆਂ ਵਾਰਾਂ ਵੀ ਹਨ ਜਿਨ੍ਹਾਂ ਦੇ ਸਲੋਕ ਤੇ ਪਉੜੀਆਂ ਦਾ ਰਚੈਤਾ ਇਕ ਹੀ ਹੈ। ਦੂਸਰੀ ਤਰ੍ਹਾਂ ਦੀਆਂ ਵਾਰਾਂ ਵਿਚ ਰਚੈਤਾ ਵਿਸ਼ੇ ਦੇ ਨਾਲ-ਨਾਲ ਹੋਰਾਂ ਦੇ ਸਲੋਕ ਜਾਂ ਪਉੜੀਆਂ ਵੀ ਅੰਕਿਤ ਹਨ।

(ਹ) ਆਦਿ ਗ੍ਰੰਥ ਵਿਚ ਦੋ ਵਾਰਾਂ ਅਜਿਹੀਆਂ ਵੀ ਹਨ ਜਿਨ੍ਹਾਂ ਦੇ ਆਰੰਭ ਵਿਚ ਸਲੋਕ ਦਰਜ ਨਹੀਂ ਕੀਤੇ ਗਏ ਤੇ ਉਹ ਕੇਵਲ ਪਉੜੀ ਰੂਪ ਵਿਚ ਹੀ ਪੇਸ਼ ਹੋਈਆਂ ਹਨ ਜਿਵੇਂ ਕਿ ਬਸੰਤ ਦੀ ਵਾਰ ਮਹਲਾ ੫ ਤੇ ਰਾਮਕਲੀ ਦੀ ਵਾਰ ਤਥਾ ਸੱਤੇ ਅਤੇ ਬਲਵੰਡ ਡੂਮ ਆਖੀ।

ਇਹ ਦੋਵੇਂ ਸੰਰਚਨਾਂ ਪਿੱਛੇ ਵਿਚਾਰੀ ਹਨ। ਦੋਹਾਂ ਦੀ ਮਹਿਮਾ ਸੰਖੇ ਹਨ। ਦੋਵੇਂ ਹੀ ਧਾਰਮਿਕ ਸੰਬੰਧਾਂ ਨਾਲ ਜੁੜਦੇ ਹਨ। ਦੋਵੇਂ ਹੀ ਅਕਾਰ ਵਿਚ ਛੋਟੀਆਂ ਹਨ। ਦੋਹਾਂ ਵਿਚ ਆਲੋਚਨਾਤਮਕ ਗੁਣ ਗਾਇਬ ਹੈ।

## 4.2 ਵਿਸ਼ੈਗਤ ਅਧਿਐਨ

ਗੁਰੂ ਅਮਰਦਾਸ ਜੀ ਗੁਰੂ ਨਾਨਕ ਸਾਹਿਬ ਦੀ ਤੀਜੀ ਜੋਤਿ ਅਤੇ ਸਿੱਖਾਂ ਦੇ ਤੀਜੇ ਗੁਰੂ ਹਨ। ਗੁਰੂ ਜੀ ਸਿੱਖੇ ਇਕ ਵੱਡੇ ਸਮਾਜ-ਸੁਧਾਰਕ ਹਨ ਅਤੇ ਉਨ੍ਹਾਂ ਨੇ ਸਿੱਖੀ ਦੇ ਵਿਕਾਸ ਵਿਚ ਨਿਆਰਾ ਯੋਗਦਾਨ ਪਾਇਆ ਹੈ, ਉਸੇ ਪੰਜਾਬੀ ਸਾਹਿਤ ਨੂੰ ਅਤੇ ਸਿੱਖ ਧਰਮ ਨੂੰ ਉਨ੍ਹਾਂ ਦੀ ਵਡਮੁੱਲੀ ਜੋਗ ਦੇਣ ਹੈ।

**ਰਚਨਾਵਾਂ:** ਆਪ ਦੀਆਂ ਰਚਨਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ- ਚਾਰ ਵਾਰਾਂ (ਗੂਜਰੀ, ਸੂਹੀ, ਰਾਮਕਲੀ ਤੇ ਮਾਰੂ ਰਾਗਾਂ ਵਿਚ) 19 ਛੰਦ, 19 ਅਸ਼ਟਪਦੀਆਂ 172 ਪਦੇ, 24 ਸਲੋਕ। ਆਪਦੇ ਸਬਦਾਂ ਦੀ ਗਿਣਤੀ 907 ਬਣਦੀ ਹੈ। ਆਪ ਨੇ ਕਈ ਕਾਵਿ ਰੂਪਾਂ ਵਿਚ ਆਪਣੀ ਰਚਨਾ ਕੀਤੀ ਹੈ ਜਿਵੇਂ- ਸਲੋਕ, ਕਾਫੀਆਂ, ਪਉੜੀ, ਸਤਵਾਰੇ, ਥਿਤਪਦੇ ਆਦਿ। ਆਪ ਦੀ ਸਭ ਤੋਂ ਵੱਧ ਲੋਕ-ਪ੍ਰਿਯ ਰਚਨਾ 'ਅਨੰਦ ਸਾਹਿਬ' ਹੈ। ਆਪ ਨੇ ਆਪਣੀ ਰਚਨਾ 17 ਰਾਗਾਂ ਵਿਚ ਕੀਤੀ ਹੈ।

## ਪਰਮ ਸਤਿ ਦਾ ਸੰਜੋਗ : ਹੋਰ ਗੁਰੂ ਸਾਹਿਬਾਨ

ਵਾਂਗ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ
ਵਿਚ ਪਰਮ ਸਤਿ ਬਾਰੇ ਵਿਚਾਰ ਪ੍ਰਗਟ ਕੀਤੇ
ਹਨ। ਡਾ. ਜੀਤ ਸਿੰਘ ਸੀਤਲ ਦਾ
ਕਹਿਣਾ ਹੈ ਸੱਚ ਤੋਂ ਉਪਰ ਕੋਈ ਚੀਜ਼
ਨਹੀਂ। ਅਸਲ ਕੀਮਤਾਂ ਵਾਲੀ ਵਸਤ ਹੀ
ਸੱਚ ਹੋਵੇਗੀ। ਨਾਸ਼ਵਾਨ ਵਸਤਾਂ ਦੀ ਕੀਮਤ
ਕੀ ਹੋ ਸਕਦੀ ਹੈ? ਸੱਚ ਦੀ ਵਸਤ
ਇਸ ਕਰਕੇ ਹੈ, ਜਿਸ ਪਾਸੋਂ ਕੀਵ ਉਹ
ਦੇਖਣ ਲਈ ਵਸਤੂ ਅਲਖ ਧਾਰਦਾ ਹੈ, ਜੋ
ਅਬਿਨਾਸ਼ੀ ਹੈ ਜੋ ਆਦਿ, ਮੱਧ ਤੇ ਅੰਤ
ਪੂਰਨ ਹੈ। ਜੋ ਆਦਿ ਜੁਗਾਦੀ ਹੈ। ਏਕਸੁ
ਹੀ ਤੋਂ ਹੈ-ਕਾਲ ਰਹਿਤ ਹੀ। ਉਹ ਵਸਤ
ਸਦਾ ਹੈ, ਅਮਰ ਹੈ, ਅਬਿਨਾਸ਼ੀ ਹੈ।
ਸੱਚ ਦੀ 'ਪ੍ਰਾਪਤੀ ਸੱਚ ਨਾਲ ਸੰਜੋਗੀ ਉਸ
ਦੇ ਸਾਧਨ ਉਸ ਨਦੀ ਵਿਧੀ, ਉਸ ਤੱਕ
ਪ੍ਰਜੱਟ ਦਾ ਰਸਤਾ ਉਸ ਦਾ ਸਾਰਕ-
ਦਰਸ਼ਨ, ਉਸ ਬਾਰੇ ਸੰਤੁਲਿਤ, ਸਦੀਵੀ
ਤੇ ਸੱਚਾਈ ਅਵਸਥਾ ਦੀ ਜਾਣਕਾਰੀ ਤੇ
ਅੰਤ ਉਸ ਦੀ ਪ੍ਰਾਪਤੀ ਪਰ ਰਾਹ ਵੀ,
ਬਾਣੀਆਂ ਵਧਾਈਆਂ, ਧਰਮ ਸਤ-ਚਿਤ
ਅਨੰਦ ਦੇ ਆਗਮਨ ਪਰ ਸਾਤੁ ਅਨੰਦ
ਇਹ ਸਭ ਸੱਚ ਦੀ ਵਿਆਖਿਆ ਹੈ।
ਸੱਚ ਦੀਆਂ ਅਨੇਕ ਵਡਾਈਆਂ ਹਨ।
ਇਹ ਪੱਕ ਗਾਇਣ ਉਸ ਦਾ ਨਿਰਧਾਰ
ਕਰਦਾ ਹੈ। ਇਹ ਸਦਾ ਸੱਚ ਨਾਲ
ਜੁੜੇ ਰਹਿਣ ਦੀ ਵਿਧੀਆਂ ਹੈ - ਇਹ ਉਸ
ਸੱਚ 'ਹਰਿ' ਨਾਲ ਸਦਾ ਰਹਿਣ ਤੇ ਉਸ ਨੂੰ
ਸਦਾ ਸਮਾਲਣ ਦੀ ਪ੍ਰੇਰਨਾ ਹੈ। ਸੱਚ ਦੀ
ਪ੍ਰਾਪਤੀ ਦਾ ਸਾਧਨ ਹਰਿ ਤੇ ਸਿੱਧ ਦਾ

ਸਪਸ਼ਟ, ਪ੍ਰਭੂ ਤੇ ਮਨੁੱਖ ਵਿਚਕਾਰ ਮਿੱਤਰ ਵਿਚੋਲਾ ਹੀ ਦੋਲ-ਦੁਮਾਹੀ ਜੋਗਾ ਹੈ। ਉਸ ਨੂੰ ਮਿਲਣ ਨਾਲ ਵੇਤ ਨੂੰ ਪਛਾਣਿਆ ਜਾ ਸਕਦਾ ਹੈ। ਇਸ ਦੇ ਦੋਲ ਅੰਮ੍ਰਿਤ ਹਨ। ਇਹ ਅੰਮ੍ਰਿਤ ਉਸੇ ਪਿਆਰੇ ਸਤਿਗੁਰੂ ਪਾਸੋ ਮਿਲਦਾ ਹੈ। ਇਹ ਸ਼ਬਦ ਹੀ ਸੁਹਾਵਾ ਹੈ ਉਸ ਦਾ ਇਸੇ ਸ਼ਬਦ ਦੇ ਗਾਇਨ ਗੁਣਾਂ ਨਾਲ ਸਦੀਵੀ ਖੁਸ਼ੀਆਂ ਹਨ - ਪਰਮ ਅਨੰਦ ਹੈ। ਗੁਰੂ ਜੀ ਦਾ ਇਹ ਵੀ ਫ਼ਰਮਾਣ ਹੈ ਕਿ ਸਤਿਗੁਰੂ ਪਰਮਾਤਮਾ ਦੀ ਮਿਹਰ ਨਾਲ ਮਿਲਦਾ ਹੈ ਅਤੇ ਪਰਮਾਤਮਾ ਸਤਿਗੁਰੂ ਦੀ ਮਿਹਰ ਨਾਲ

"ਪੂਰੈ ਭਾਗਿ ਸਤਿਗੁਰੂ ਮਿਲੈ ਜਾ ਭਾਗੈ ਕਾ ਉਦਉ ਹੋਇ।
ਅੰਤਰੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ।"

**ਸੱਚਾ ਸੋਹਿਲਾ ਸਤਿਗੁਰੂ ਸੁਣਾਇਆ** :- ਸੱਚ ਦੀ ਵਿਆਖਿਆ ਕੱਦ ਨਹੀਂ ਕੀਤੀ ਗਈ। ਸੱਚ ਦੀ ਭਾਲ ਹੀ ਆਦਿ ਜੁਗਾਦਿ ਤੋਂ ਨਿਰੰਤਰ ਜਾਰੀ ਹੈ। ਸੱਚ ਦੀ ਵਿਆਖਿਆ ਤੇ ਇਸ ਦੀ ਸਮਝ, ਤਲਾਸ਼ ਉੱਤਮ ਮਨੁੱਖ ਲਈ ਸੁਭਾਵਿਕ ਹੈ। ਮਨੁੱਖ ਦੇ ਮਨ ਨੂੰ ਸੁਣਦੀ ਹੈ, ਸੁਸ਼ੀਲ ਭਾਵਾਂ ਨੂੰ ਉਤੇਜਿਤ ਕਰਦੀ ਹੈ, ਵਿਜੋਗ ਦੇ ਦੁੱਖ ਵਿਚ ਸੰਜੋਗ ਲਈ ਤੜਪ ਪੈਦਾ ਕਰਦੀ ਹੈ। ਆਪਣੇ ਆਪ ਵਿਚ ਇਹ ਇਕ ਸੁਗਾਤ ਵਿਸ਼ਾ ਹੈ ਜੋ ਸੰਤ-ਸੇਵਕ ਤੇ ਸਰਵੋਤਮ ਸਾਹਿਤ ਦਾ ਹੀ ਮੂਲ ਧੁਰਾ ਹੈ। ਮਨੁੱਖ ਦੀ ਆਸਰ ਲਈ ਅਮਿਟ ਤੇ ਸਤਯੰ ਸ਼ਿਵੰ ਸੁੰਦਰੰ ਇਸ ਪਰਮ ਆਦਰਸ਼ ਹੈ, ਪਰੰਤੂ

ਅਨੰਦ ਤੇ ਸਹਜ ਸੰਤੋਖ ਦੀ ਪ੍ਰਾਪਤੀ ਤਾਂ ਅਨੂਠੀ ਅਵਸਥਾ ਹੈ ਜੋ ਕਿਸੇ ਸੁਭਾਗ ਆਤਮਾ ਤੇ ਨਿਰੰਕਾਰ ਰੂਪ ਸਾਧੂ ਦੇ ਭਾਗਾਂ ਵਿਚ ਆਇਆ ਹੁੰਦਾ ਹੈ ਕਿ ਧਰਮ ਅਨੰਦ ਦੇ ਪ੍ਰਸੰਗ ਤੇ ਵਿਚਾਰ ਰੂਪ ਨੂੰ ਦੇਖ ਕੇ ਅਨੰਦ ਮਾਣਨ ਦੀ ਵਾਰਤਾ ਹੈ, ਦੇਖ ਕੇ ਬੇਹੋਸ਼ ਹੋ ਡਿੱਗਣ ਦੀ ਲਗੀ । ਇਸ ਅਨੰਦ ਦਾ ਦੇਣਹਾਰ ਸਤਿਗੁਰੂ ਦਾਤਾਰ ਹੈ । ਉਸ ਦੀ ਪ੍ਰਾਪਤੀ ਹਰਿ ਦੀ ਪ੍ਰਾਪਤੀ ਹੈ । ਧਰਮ ਦੇ ਇਤਿਹਾਸ ਵਿਚ ਪਹਿਲੀ ਵਾਰ ਮਨੁੱਖ ਨੂੰ ਸਿੱਖ ਧਰਮ ਦਾ ਸਾਰ ਮਿਲਿਆ, ਉਸ ਨੂੰ ਸਤਿਗੁਰੂ ਦੇ ਸਨਮੁੱਖ ਖਲੋਣ ਦਾ ਸਰਫ਼ ਹਾਸਿਲ ਹੋਇਆ । ਇਹ ਉਸ ਦੀ ਅਮਿੱਟ ਪ੍ਰਾਪਤੀ ਹੈ । ਇਸ ਪ੍ਰਾਪਤੀ ਦਾ ਆਪਣੇ-ਆਪ ਵਿਚ ਵੱਖਰਾ ਅਨੰਦ ਹੈ, ਕੋਣ ਅਨੁਮਾਨ ਲਾ ਸਕਦਾ ਹੈ। ਇਸ ਪ੍ਰਾਪਤੀ ਦੇ ਅਨੰਦ ਨੂੰ ਪ੍ਰਕਿਰਤੀ ਤੇ ਮਨੁੱਖ ਦਾ ਸੁਹਾਗ ਲਿਖਤ-ਗਾਇਨ ਹੀ ਮਾਣ ਸਕਦਾ ਹੈ ।

ਪਰਮ ਸੰਜੋਗ, ਅਮਰ ਮਿਲਾਪ ਤੇ ਬਖ਼ਸ਼ਿਸ਼ੀ ਵਸਲ ਦੀ ਵਿਧਿਆ ਪ੍ਰਗਟ ਅਨੰਦਮਈ ਕਿਸੇ ਭਾਗਾਂ ਵਾਲੇ ਨੂੰ ਸੁਣਨੀ, ਕਹਿਣੀ ਨਸੀਬ ਹੁੰਦੀ ਹੈ । ਇਹ ਵੱਡੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ । ਇਹ ਸਰਬ ਸਕੋਰ ਪ੍ਰਤਿਪਾਲਹਾਰ ਦੀ ਵਡਿਆਈ ਹੈ । ਪਾਰਬ੍ਰਹਮ ਪ੍ਰਭ ਪਾਉਣ ਦੀ ਗਾਥਾ ਹੈ । ਇਸ ਦੇ ਸੁਣਨ, ਗਾਉਣ ਸਗਲ ਵਿਸੂਰੇ, ਦੁਖ, ਰੋਗ ਸੰਤਾਪ, ਸਭ ਨਾਸ਼ ਹੋ ਜਾਂਦੇ ਹਨ । ਇਹ ਸੱਚੇ ਪ੍ਰਭੂ ਦੀ, ਸੱਚੇ

ਸਤਿਗੁਰੂ ਦੇ ਮੁਖਾਰ ਬਿੰਦ ਦੁਆਰਾ ਕਹੀ ਹੋਈ ਸੱਚੀ ਬਾਣੀ ਹੈ। ਇਸ ਨੂੰ ਕਹਿਣ ਸੁਣਨ ਵਾਲੇ ਸਭ ਪਵਿੱਤਰ ਪੁਨੀਤ ਹੋ ਜਾਂਦੇ ਨੇ। ਇਹ ਸਰਵਕਾਲੀ, ਸਰਬ-ਅਤੀਤ, ਅਨੰਦ-ਮਈ, ਉੱਚ ਸਹਜ-ਅਵਸਥਾ ਹੈ, ਜੋ ਪ੍ਰਕਿਰਤੀ ਤੇ ਪਰਮ ਸ਼ਕਤੀ ਦੇ ਸਹਜ ਮਿਲਨ ਵਿਚ ਰਲ ਕੇ ਉਸ ਅਸਲ ਰਾਗ ਵਿਚ ਲੀਨ ਹੋਣ ਦੀ ਅਵਸਥਾ ਹੈ। ਅਜਿਹੀ ਅਵਸਥਾ ਵਿਚ ਆਦਿ ਤੋਂ ਅੰਤ ਤੱਕ ਅਨਹਦ ਤੂਰ ਵੱਜਦੇ ਰਹਿੰਦੇ ਹਨ ਅਤੇ ਰਾਗ ਰਾਗਣੀਆਂ ਪਰਿਵਾਰ ਸਹਿਤ ਇਸ ਸਹਜ ਗਾਣ ਨੂੰ ਗਾ ਰਹੀਆਂ ਹਨ। ਇਹ ਸੱਚੀ ਬਾਣੀ ਹੈ, ਸੱਚਾ ਸ਼ਬਦ ਹੈ। ਇਸਦਾ ਸੁਣਨ, ਤੇ ਅਨੁਭੂਤੀ ਇਸਾ ਜਿਸ ਵਡਭਾਗਾ ਨੂੰ ਪ੍ਰਭੂ ਪ੍ਰਾਪਤ ਹੋਇਆ ਉਹ ਹੈ ਸ੍ਰੀ ਅਨੰਦ ਸਾਹਿਬ ਰਾਮਕਲੀ ਮਹਲਾ ੩ ਜੋ ਆਰੰਭ ਵਿਚ ਹੀ ਉਸ ਅਸਲ ਪ੍ਰਾਪਤੀ ਦਾ ਅਨੰਦ ਪ੍ਰਗਟ ਕਰਦੀ ਹੈ:

ਅਨੰਦੁ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ।
ਪਾਰਬ੍ਰਹਮ ਪ੍ਰਭ ਪਾਇਆ
ਉਤਰੇ ਸਗਲ ਵਿਸੂਰੇ

**ਗੁਰੂ-ਪ੍ਰਾਪਤੀ ਦਾ ਮਹੱਤਵ:-** ਗੁਰੂ ਅਮਰਦਾਸ ਜੀ ਨੇ ਬਾਣੀ ਵਿਚ ਇਹ ਵਿਸ਼ਾ ਹੀ ਸੁਰਤੀਸਾਲ ਅਨੰਦ ਦਾ ਕੀਤਾ ਹੈ ਕਿ, ਗੁਰੂ ਜੀ ਬਾਣੀ ਦੇ ਅਤਲ ਸੂਲ ਸੋਮਾ ਹੈ। ਬਾਣੀ ਭੰਡਾਰ ਹਨ। ਤੇ ਰੋਸ਼ਨੀਆਂ ਸਭ

ਇਸ -- ਰੂਪੀ ਅੰਮ੍ਰਿਤ ਦੀ ਪ੍ਰਾਪਤੀ ਸਿਰਫ਼ ਗੁਰੂ ਤੋਂ ਹੀ ਹੋ ਸਕਦੀ ਹੈ। ਇਸ ਬਾਰੇ ਡਾ. ਦੀਵਾਨ ਸਿੰਘ ਲਿਖਦੇ ਹਨ ਕਿ ਇਸ ਨਾਮ-ਰੂਪ ਅੰਮ੍ਰਿਤ ਦੀ ਪ੍ਰਾਪਤੀ ਕੇਵਲ ਗੁਰੂ ਰਾਹੀਂ ਹੀ ਹੋ ਸਕਦੀ ਹੈ। ਆਨੰਦ ਤੋਂ ਭਾਵ ਆਤਮਕ ਆਨੰਦ ਥਾਂ ਜਾਂਦੀ ਹੈ। ਗੁਰੂ ਨੂੰ ਮਿਲ ਕੇ ਮਨੁੱਖ ਦੀ ਸਾਰੀ ਤ੍ਰਿਸ਼ਨਾ, ਭੁੱਖ ਲਹਿ ਜਾਂਦੀ ਹੈ ਅਤੇ ਅਜਿਹਾ ਆਨੰਦ ਆਉਂਦਾ ਹੈ ਕਿ ਜਿਸ ਦਾ ਵਰਣਨ ਨਹੀਂ ਹੋ ਸਕਦਾ। ਮਨੁੱਖ ਬਾਹਰਮੁੱਖੀ ਤੌਰ ਤੇ ਬਹੁਤ ਕੁਝ ਕਰਦਾ ਹੈ। ਇਹ ਹੀ ਮਨੁੱਖ ਦਾ ਦੁਖਾਂਤ ਹੈ, ਪਰ ਸਚਾਈ ਕੇਵਲ ਇਹ ਹੀ ਹੈ ਕਿ ਮਨੁੱਖ ਹਰ ਵੇਲੇ ਅੰਨਦ ਦੀ ਭਾਲ ਵਿਚ ਰਹਿੰਦਾ ਹੈ। ਇਸ ਅੰਨਦ ਦੀ ਪ੍ਰਾਪਤੀ ਸਤਿਗੁਰੂ ਦੀ ਪ੍ਰਾਪਤੀ ਹੈ ਜਿਵੇਂ: ਆਨੰਦ ਸਾਹਿਬ ਦੇ ਆਰੰਭ ਦੀ ਤੁਕ ਵਿਚ ਸਪਸ਼ਟ ਕੀਤਾ ਹੈ ਗੁਰ ਅੰਨਦ ਦਾ ਸੋਮਾ ਹੈ। ਬਾਕੀ ਕਿਰਿਆ ਵਾਧੂ ਤੇ ਨਿਸਫਲ ਹੈ। ਗੁਰੂ ਦੀ ਪ੍ਰਾਪਤੀ ਵੱਡੀ ਚੀਜ਼ ਹੈ। ਗੁਰੂ ਤੋਂ ਬੇਮੁਖ ਹੋ ਕੇ ਅੰਨਦ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਅੰਨਦ ਦੀ ਪ੍ਰਾਪਤੀ ਲਈ ਗੁਰੂ ਸੇਤੀ ਸਨਮੁਖ ਹੋਣ ਦੀ ਲੋੜ ਹੈ। ਗੁਰੂ ਜੀ ਫੁਰਮਾਉਂਦੇ ਹਨ :-

"ਅਨੰਦੁ ਅਨੰਦੁ ਸਭੁ ਕੋ ਕਹੈ, ਅਨੰਦੁ ਗੁਰੂ ਤੇ ਜਾਣਿਆ।
ਜਾਣਿਆ ਅਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ।"

**ਅਨੰਦ ਦੀ ਪ੍ਰਾਪਤੀ** :- ਗੁਰੂ ਜੀ ਨੇ ਆਪਣੀ ਬਾਣੀ ਵਿਚ ਜਿੱਥੇ ਅਨੰਦ ਦੀ ਮਹੱਤਤਾ ਨੂੰ ਸਵੀਕਾਰਿਆ ਹੈ, ਉਥੇ ਅਨੰਦ ਦੀ ਪ੍ਰਾਪਤੀ ਦਾ ਰਾਹ ਵੀ ਦਰਸਾਇਆ ਹੈ। ਇਸ ਸੰਬੰਧੀ ਉਨ੍ਹਾਂ ਦੀ ਰਚਨਾ ਅਨੰਦ ਸਾਹਿਬ ਵਿਚ ਬਹੁਤ ਸਾਰੇ ਹਵਾਲੇ ਮਿਲ ਜਾਂਦੇ ਹਨ। ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਮਨੁਖ ਮਾਤਰ ਨੂੰ ਦੱਸਿਆ ਹੈ ਕਿ ਆਤਮਿਕ ਅਨੰਦ ਕਿਵੇਂ ਪ੍ਰਾਪਤ ਹੋ ਸਕਦਾ ਹੈ। ਉਨ੍ਹਾਂ ਨੇ ਇਸ ਆਤਮਿਕ ਅਨੰਦ ਦੀ ਵਿਆਖਿਆ ਵੀ ਕੀਤੀ ਹੈ। ਤੇ ਅਨੰਦ ਦੀ ਸਥਿਤੀ ਦੱਸੀ ਹੈ। ਗੁਰੂ ਸਾਹਿਬ ਇਥੇ ਸਹੈ-ਪ੍ਰਗਟਾ ਕਰ ਰਹੇ ਹਨ, ਪਰ ਨਾਲ ਹੀ ਉਸੇ ਪਾਸੇ ਰਹੱਸਵਾਦੀ ਵਿਸ਼ਵਾਸ ਵੀ ਪ੍ਰਗਟ ਕਰ ਰਹੇ ਹਨ। ਸਤਿਗੁਰੂ ਦਾ ਮਿਲਣਾ ਤੇ ਅਨੰਦ ਦੀ ਪ੍ਰਾਪਤੀ ਇਕੋ ਚੀਜ਼ ਹੈ। ਗੁਰੂ ਵਿਚ ਵਿਸ਼ਵਾਸ, ਗੁਰੂ ਦੀ ਕਿਰਪਾ ਵਿਚ ਵਿਸ਼ਵਾਸ, ਇਸ ਰਚਨਾ ਦਾ ਮੁੱਢਲਾ ਆਸ਼ਾ ਹੈ। ਬਾਕੀ ਸਾਰਾ ਵਿਸਥਾਰ ਗੁਰਮਤਿ ਦਾ ਉਪਦੇਸ਼ ਹੈ। "ਭਗਤਾਂ ਦੀ ਚਾਲ ਨਿਰਾਲੀ" ਇਸ ਪਉੜੀ ਵਿਚ ਭਗਤਾਂ ਦੇ ਲੱਛਣ ਦੱਸੇ ਹਨ, ਤਾਂ ਜੋ ਗੁਰੂ ਦੀ ਮਹੱਤਤਾ ਪ੍ਰਗਟ ਹੋ ਜਾਏ। ਨੇਕੀ ਪਰਮ ਤੱਤ ਨੂੰ ਸਮਝਣ ਦੀ ਹੈ। ਵਿਚ ਹੈ। ਸੇਤ ਤੇ ਉਨ੍ਹਾਂ ਅਨੁਸਾਰ ਤੇ ਹੈ ਬਾਹਰਮੁਖੀ ਇਹ ਆਤਮਿਕ ਪੱਧਰ ਅੰਦਰਲਾ ਰਸ ਨੂੰਹੀ ਹੈ। ਇਹ ਕੇਵਲ ਸਕਦੀ ਹੈ। ਜੋ ਆਤਮਾ ਦੀ

ਗੁਣੀ ਤਾਂ ਆਤਮਾ ਵਿਚ ਪਰਿਵਰਤਨ ਹੋ ਗਿਆ ਸਾਲੇਂ ਆਤਮਾ ਨੂੰ ਦੇਖ ਲਿਆ। ਹਰ ਮਨੁਖ ਦੇ ਘਾਰਦਰਸ਼ੀ ਪੱਥਰ ਤੇ ਸਰੀਰ ਹੇ, ਅੰਦਰ ਆਤਮਾ ਹੈ। ਇਹ ਇਕ ਸੂਖਮ ਤੱਤ ਹੈ। ਜਦ ਮਨੁਖ ਆਤਮ-ਚਿੰਤਨ ਕਰਦਾ ਹੈ ਤਾਂ ਉਹ ਪ੍ਰਤੱਖ ਤੌਰ ਤੇ ਪਰਮਾਤਮਾ ਨੂੰ ਦੇਖ ਲੈਂਦਾ ਹੈ। ਜਿਸ ਤਰ੍ਹਾਂ ਉਸ ਨੂੰ ਆਤਮਿਕ ਅਨੰਦ ਪ੍ਰਾਪਤ ਹੋ ਜਾਂਦਾ ਹੈ।" ਗੁਰੂ ਜੀ ਇਹ ਸਭ ਫਰਮਾਉਂਦੇ ਹਨ :-

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥
ਪਾਵੈ ਤ ਸੋ ਜਨੁ ਦੇਹਿ ਜਿਸਨੋ ਹੋਰਿ ਕਿਆ ਕਰਹਿ ਵੇਚਾਰਿਆ ॥
ਇਕਿ ਭਰਮਿ ਭੂਲੇ ਫਿਰਹਿ ਦਹਦਿਸਿ ਇਕਿ ਨਾਮਿ ਲਾਗਿ ਸਵਾਰਿਆ ॥
ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥
ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥

**ਨਾਮ ਦਾ ਮਹੱਤਵ** :- ਗੁਰੂ ਅਮਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਨਾਮ ਸਿਮਰਨ ਤੇ ਹੀ ਬਹੁਤ ਜ਼ੋਰ ਦਿੱਤਾ ਹੈ, ਕਿਉਂਕਿ ਨਾਮ ਨੂੰ ਮਨ ਵਿਚ ਵਸਾਉਣ ਨਾਲ ਹੀ ਸਤਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ,

"ਸਤਿਗੁਰੂ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਸੱਚਾ ਸਾਧਨਾ ਜਾਂ ਭਗਤੀ ਵਿਚ ਲੀਨ ਰਹਿਣਾ ਚਾਹੀਦਾ ਹੈ ਅਤੇ ਨਾਮ ਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ। ਅਜਿਹੀ ਸਥਿਤੀ ਵਿਚ, ਇੱਛਾਵਾਂ ਦੀ ਪੂਰਤੀ ਹੁੰਦੀ ਹੈ ਅਤੇ ਮਨ ਵਿਚ ਸ਼ਾਂਤੀ ਵਸਦੀ ਹੈ, ਅਨੰਦ ਵਾਸੇ ਵਸਦੇ ਹਨ। ਪਰਮਾਤਮਾ ਦੀ ਇੱਛਾਵਾਂ ਪ੍ਰਮਾਣ ਤੋਂ ਬਿਨਾ ਵੇਹ ਨਿਸਾਰ ਹੈ। ਪਰਿਵਾਰ ਅਤੇ ਸੰਸਾਰਕ ਵਸਤਾਂ ਅਗਲੇ ਲੋਕ ਜਾਂ ਪਰਲੋਕ ਵਿਚ ਨਾਲ ਨਹੀਂ ਚੱਲਦੀਆਂ। ਇਸ ਲਈ ਸੱਚੇ ਪਰਮਾਤਮਾ ਵਿਚ ਚਿੱਤ ਲਗਾਉਣਾ ਚਾਹੀਦਾ ਹੈ ਉਸ ਦੇ ਰਾਹ ਵਿਚ ਚੱਲਣਾ ਚਾਹੀਦਾ ਹੈ। ਇਸ ਵਾਸਤੇ ਮਨ ਨੂੰ ਨਿਰਮਲ ਰੂਪ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ, ਨਿਰਮਲਤਾ ਨਾਲ ਹੀ ਗੁਰੂ ਦਾ ਸੰਪਰਕ ਪ੍ਰਾਪਤ ਹੁੰਦਾ ਹੈ।"

ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ।

**ਸਾਖੀਆਂ ਦਾ ਵਰਤਾਰਾ:-** ਕਈ ਅਜਿਹੀਆਂ ਗਲਤ ਤਾਕਤਾਂ ਦਾ ਵਰਣਨ ਵੀ ਗੁਰੂ ਜੀ ਦੀ ਬਾਣੀ ਵਿਚੋਂ ਮਿਲਦਾ ਹੈ ਜਿਹੜੀਆਂ ਜਿਗਿਆਸੂ ਨੂੰ ਆਪਣੇ ਲਾਲਚ ਜਾਂ ਸ਼ੰਕਰ - ਦਮਕ ਦੇ ਪ੍ਰਕੋਪ ਵਿਚ ਫਸਾ ਲੈਂਦੀਆਂ ਹਨ। ਜਿਨ੍ਹਾਂ ਵਿਚੋਂ ਸਭ ਤੋਂ ਵੱਡੀ ਸ਼ਕਤੀ ਹੈ ਸਾਖੀਆਂ ਜਿਸ ਨੂੰ

ਗੁਰਬਾਣੀ ਵਿਚ ਨਾਗਣ ਤੇ ਠੱਗਣੀ ਕਹਿ ਕੇ ਭੰਡਿਆ ਗਿਆ ਹੈ। ਡਾ. ਰਤਨ ਸਿੰਘ ਜੱਗੀ ਇਸ ਸੰਦਰਭ ਵਿਚ ਲਿਖਦੇ ਹਨ ਕਿ "ਉਸ ਪਰਮਤੱਤ ਸਤਿਗੁਰੂ ਦੇ ਗੁਰੂ ਕਹੀ ਉਪਰਾਂਤ ਜੋ ਸਾਂ ਅਪਣੀ ਸ਼ਕਤੀਆਂ ਹੀ ਹਨ ਜੋ ਜਗਿਆਸੂ ਨੂੰ ਭਰਮ ਵਿਚ ਪਾਉਂਦੀਆਂ ਹਨ ਅਤੇ ਜਿਨ੍ਹਾਂ ਵਿਚ ਪ੍ਰਮੁੱਖ ਹੈ- ਮਾਇਆ। ਗੁਰੂ ਅਮਰਦਾਸ ਜੀ ਅਨੁਸਾਰ ਮਾਇਆ ਨਾਗਣੀ ਵਾਂਗ ਹੈ। ਇਹ ਸਾਧਕ ਨੂੰ ਪਰਮਾਤਮਾ ਤੋਂ ਦੂਰ ਕਰ ਦਿੰਦੀ ਹੈ, ਪਰ ਜੇ ਗੁਰੂ ਕਿਰਪਾ ਕਰੇ ਤਾਂ ਮਾਇਆ ਵਿਚ ਹੀ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ। 'ਅਨੰਦੁ' ਸਾਹਿਬ ਵਿਚ ਮਾਇਆ ਦੇ ਵਾਸਤਵਿਕ ਸਰੂਪ ਅਤੇ ਪ੍ਰਭਾਵ ਦਾ ਚਿਤ੍ਰਾਂਕਣ ਇਸ ਤਰ੍ਹਾਂ ਹੋਇਆ ਹੈ।"

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ।
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ।
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ।
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ।
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ।
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ।

**ਰਹੱਸਵਾਦੀ ਤੱਤ:-** ਗੁਰੂ ਅਮਰਦਾਸ ਜੀ ਦੇ ਵਿਚਾਰ ਅਧੀਨ ਰਚਨਾ ਵਿਚ ਰਹੱਸਵਾਦੀ ਤੱਤ ਵੀ ਭਰਪੂਰ ਮਾਤਰਾ ਵਿਚ ਮਿਲਦੇ ਹਨ। ਇਹ ਇਸ ਰਚਨਾ ਦਾ ਇਕ ਹੋਰ ਉਘਾੜਵਾਂ ਕਿਹਾ ਹੈ। ਡਾ. ਧੀਰਜ ਸਿੰਘ

ਹੋਰਾਂ ਨਾਲ ਸਾਂਝੀ ਪ੍ਰਕਰਨ ਸਹਿਮਤੀ ਹੋ ਸਕੇ। ਉਹ ਆਖਦੇ ਹਨ ਕਿ ਗੁਰੂ ਅਮਰਦਾਸ ਜੀ ਉੱਥੇ ਰਹੱਸਵਾਦੀ ਪਰਮ ਸਨ। ਉਹਨਾਂ ਇਸ ਅਵਸਥਾ ਨੂੰ ਸਹਿਜ ਸ਼ਬਦ ਰਾਹੀ ਪ੍ਰਗਟ ਕੀਤਾ ਹੈ। ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੋਇਆ ਅਨੰਦ ਆਪਣੇ ਪ੍ਰਜਤਨ ਦਾ ਸਿੱਟਾ ਨਹੀਂ। ਇਕ ਆਤਮਿਕ ਤੱਤ ਹੈ ਤੇ ਇਸ ਵਿੱਚ ਹਉਮੈ ਦਾ ਪੂਰਨ ਅਭਾਵ ਹੈ। ਅਧਿਆਤਮਕ ਪਰਮਾਤਮਾ ਦੀ ਕਿਰਪਾ ਨਾਲ ਆਤਮਾ ਵਿਚ ਸਹਿਜ ਅਨੰਦ ਪੈਦਾ ਹੋ ਜਾਂਦਾ ਹੈ। ਆਤਮਾ ਵਿਚ ਅਨਹਦ ਨਾਦ ਵੱਜਣ ਲੱਗ ਪੈਂਦੇ ਹਨ। ਗੁਰੂ ਸਾਹਿਬ ਦਾ ਰਹੱਸਵਾਦੀ ਅਨੁਭਵ ਉਤਰ ਤਾਂ ਸਾਰੀ ਰਚਨਾ ਵਿਚ ਹੈ, ਪਰ ਇਸ ਰਚਨਾ ਦੇ ਅੰਤਲੇ ਭਾਗ ਵਿਚ ਸਪਸ਼ਟ ਹੈ। ਅਨਹਦ ਨਾਦ ਦਾ ਜ਼ਿਕਰ ਹੀ ਇਸੇ ਅਨੁਭਵ ਦਾ ਪ੍ਰਗਟਾਅ ਹੈ। ਅਣਗਿਣਤ ਨਾਦ ਹੋ ਰਹੇ ਹਨ। "ਨਾਮੁ ਜਿਨ ਕੈ ਮਨਿ ਵਸਿਆ, ਵਾਜੇ ਸ਼ਬਦ ਘਨੇਰੇ।" ਇਹ ਰਚਨਾ ਵੀ ਬਾਕੀ ਸਾਹਿਬ ਵਾਂਗ ਜਿਉਂ ਜਿਉਂ ਵਿਚਾਰ ਕਰੀਏ ਹੈ ਸੂਖਮ ਹੋਈ ਜਾਂਦੀ ਹੈ। ਇਸ ਦੇ ਨਾਲ ਹੀ ਦੂਜਾ ਗੁਣ ਇਹ ਹੈ ਕਿ ਗੁਰੂ ਅਮਰਦਾਸ ਜੀ ਨੇ ਇਸ ਨੂੰ ਇਕ ਸਹਜ ਕਲਾਕਾਰ ਵਾਂਗ ਨਿਰਦੇਸ਼ ਆਰੰਭ ਕੀਤਾ ਹੈ। ਰਹੱਸਵਾਦੀ ਪਰੰਪਰਾ ਅਨੁਸਾਰ ਇਹ ਰਚਨਾ ਅਤਿ ਸੰਗੀਤਕ ਹੈ। ਸੰਗੀਤ ਦੀ ਵੱਧ ਤੋਂ ਵੱਧ ਮਹੱਤਤਾ ਹੈ। ਗੁਰਮਤਿ ਵਿਚ ਵੱਧ ਤੋਂ ਵੱਧ ਆਤਮਿਕ ਅਨੰਦ ਆਤਮਾ ਦੀ ਵਿਸਮਾਦੀ ਸੋਝੀ ਹੈ। ਇਹ ਇਕ ਅਨੰਦਮਈ ਸੋਝ ਹੋਇਆ ਜੋ ਸੰਗੀਤ ਰਾਹੀ ਪ੍ਰਗਟ ਹੋਇਆ ਹੈ।

## ਜੀਵ ਅਤੇ ਜਗਤ ਦੀ ਨਾਸ਼ਮਾਨਤਾ :- ਵਿਚਾਰ

ਅਧਿਐਨ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਇੱਕ ਹੋਰ ਮਹੱਤਵਪੂਰਨ ਵਿਸ਼ਾ ਜੀਵ ਅਤੇ ਜਗਤ ਦੀ ਨਾਸ਼ਮਾਨਤਾ ਹੈ। ਮੌਤ ਇੱਕ ਅਟੱਲ ਸੱਚਾਈ ਹੈ ਜਿਸ ਤੋਂ ਕੋਈ ਵੀ ਦ੍ਰਿਸ਼ਟਮਾਨ ਵਸਤੂ ਬਚ ਨਹੀਂ ਸਕਦੀ। ਪ੍ਰੋ. ਰਾਮ ਸਿੰਘ ਨਾਲ ਸਾਡੀ ਸਹਿਮਤੀ ਹੈ ਜਦੋਂ ਉਹ ਆਖਦੇ ਹਨ ਕਿ ਸਰੀਰ ਜ਼ਰੂਰ ਨਾਸ਼ਮਾਨ ਹੈ, ਇਸ ਹਕੀਕਤ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਚਾਹੇ ਕੋਈ ਧਰਮ ਜਾਂ ਪਰਮਾਤਮਾ ਨੂੰ ਮੰਨੇ, ਮੌਤ ਦੀ ਅਟੱਲਤਾ ਸਭ ਨੂੰ ਸਵੀਕਾਰ ਕਰਨੀ ਪੈਂਦੀ ਹੈ। ਮੌਤ ਜੀਵਨ ਦੇ ਬਰਾਬਰ ਹੀ ਇੱਕ ਅਸਲੀਅਤ ਹੈ ਪਰ ਸਰੀਰ ਦੀ ਨਾਸ਼ਮਾਨਤਾ ਦਾ ਵਿਚਾਰ ਜ਼ਰੂਰੀ ਹੱਦ ਤੱਕ ਨਿਰਾਸ਼ਾਵਾਦ ਨਹੀਂ ਉਪਜਾਉਂਦਾ। ਗੁਰੂ ਅਮਰਦਾਸ ਜੀ ਦਾ ~~ਵਿਚਾਰ~~ ਵਿਸ਼ਵਾਸ ~~ਹੈ~~ ਹੈ ਕਿ ਸਰੀਰਕ ਮੌਤ ਨਾਲ ਜੀਵਨ ਖ਼ਤਮ ਨਹੀਂ ਹੋ ਜਾਂਦਾ। ਜੀਵਨ ਅਟੱਲ ਤੇ ਅਮਰ ਹੈ। ਆਤਮਾ ਇਕ ਸਰੀਰ ਤਿਆਗ ਕੇ ਹੋਰ ਧਾਰ ਸਕਦੀ ਹੈ, ਪਰ ਕਦੀ ਅੰਤ ਨਹੀਂ ਹੁੰਦੀ। ਆਤਮਾ ਦੀ ਅਮਰਤਾ ਦਾ ਸਿੱਧਾਂਤ ਕਰਨ ਨਾਲ ਹੀ ਮੌਤ ਪ੍ਰਤੀ ਸਹੀ ਵਤੀਰਾ ਧਾਰਨ ਕੀਤਾ ਜਾ ਸਕਦਾ ਹੈ। ਜੀਵਨ ਨੂੰ ਅਮਰ ਮੰਨਣ ਨਾਲ ਮੌਤ ਦਾ ਡਰ ਦੂਰ ਹੁੰਦਾ ਤੇ ਮਨ ਦੀ ਲਗਨ ਵੱਧਦੀ ਹੈ। ਗੁਰੂ ਅਮਰਦਾਸ ਜੀ ਮਨੁੱਖ ਨੂੰ ਸੇਧ ਦਿੰਦੇ ਹਨ ਕਿ ਸਰੀਰ ਵਿਚ ਜੋ ਜੀਵਨ ਜਾਂ ਚੇਤਨਾ ਹੈ, ਇਹ ਆਤਮਾ ਦਾ ਹੀ ਗੁਣ ਹੈ। ਆਤਮਾ ਦੀ ਜੋਤਿ ਬਿਨਾ

ਸਰੀਰ ਜੀਵਧਾਰੀ ਨਹੀਂ ਹੋ ਸਕਦਾ -

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ
ਜਗ ਮਹਿ ਆਇਆ ।
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ।
ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ
ਜਗਤੁ ਦਿਖਾਇਆ ।
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ
ਨਦਰੀ ਆਇਆ ।
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ
ਰਚਿਆ ਜੋਤਿ ਰਾਖੀ ਤਾ ਤੂ ਜਗ
ਮਹਿ ਆਇਆ ।

**ਕੁੱਤ ਰੰਸ ਕਵਲ ਦੀ ਪ੍ਰੇਰਨਾ** :- ਗਾਣ੍ਹ

ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਕੁੱਤ ਰੰਸ ਕਵਲ ਦੀ ਪ੍ਰੇਰਨਾ ਦਿੰਦੇ ਹੋਏ ਆਖਿਆ ਹੈ ਕਿ ਪ੍ਰਭੂ ਨੂੰ ਕੋਈ ਵੀ ਜੀਵ ਚਤੁਰਾਈਆਂ ਜਾਂ ਚਲਾਕੀਆਂ ਨਾਲ ਪ੍ਰਾਪਤ ਨਹੀਂ ਕਰ ਸਕਦਾ। ਪ੍ਰੋ. ਰਾਮ ਸਿੰਘ ਅਨੁਸਾਰ "ਨਾਮ ਸ਼ਬਦ ਵਾਲੇ ਦੀ ਚੇਤਨਾ ਇਮਪਲਾਇਜ਼ਸ ਜਾਂ ਜੋਗ ਦੇ ਅਭਿਆਸੀਆ ਤੋਂ ਵਖਰੇ ਪਸੰਦਾਨ ਹੁੰਦੀ ਹੈ । ਇਸ ਨਹੀਂ ਉਹ ਸਰੀਰ ਨੂੰ ਨਾ ਵੇਦਨ ਅੰਦਰ ਇਸਾ ਦੇ ਸੁਖਾਸ ਦੇ ਸਕਦਾ ਹੈ, ਸਗੋਂ ਸਦਾਚਾਰਕ, ਸਮਾਜਿਕ ਤੇ ਅਧਿਆਤਮਿਕ ਕਦਰਾਂ ਦੇ ਹੀ। ਗੁਰੂ ਅਮਰਦਾਸ ਸਾਹਿਬ ਨੇ ਅਨੰਦ ਸਾਹਿਬ ਵਿਚ ਕਈ ਵਾਰ ਆਪਣੇ ਸਰੀਰ ਅਤੇ ਨੂੰ ਅਧਿਆਤਮਿਕ ਰਸਾਂ ਦੀ ਪਰਨਾ ਦਿੱਤੀ ਹੈ। ਸਾਧਾਰਨ ਤੌਰ ਤੇ ਲੋਕ

ਪਰਸ਼ ਆਪਣੇ ਮਨ ਨੂੰ ਸ਼ੁੱਧ ਕਰਨਾ ਦੀ ਪ੍ਰੇਰਨਾ ਲੈਣ ਦਾ ਪਾਤਰ ਹੈ ਸਕਦਾ ਹੈ ਕੇ ਸਰੀਰ ਨੂੰ ਮਨ ਦੇ ਰਾਹੀਂ ਹੀ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਜਦ ਗੁਰੂ ਅਮਰਦਾਸ ਜੀ ਸਿੱਧਾ ਸਰੀਰ ਨੂੰ ਉਪਦੇਸ਼ ਦਿੰਦੇ ਹਨ ਤਾਂ ਉਹ ਕੋਈ ਨਤੀਜਾ ਦੇ ਸਕਦੇ ਨਹੀਂ ਦਿਸਦੇ। ਉਨ੍ਹਾਂ ਨੂੰ ਸਰੀਰ ਤੇ ਮਨ ਵਿਚ ਸਿੱਧੇ ਉਪਦੇਸ਼ ਦੇ ਪਾਤਰ ਪ੍ਰਤੀਤ ਹੁੰਦੇ ਹਨ, ਕਿਉਂਕਿ ਦੋਵੇਂ ਚੇਤਨ ਹਨ। ਆਲੋਚਕ 'ਸਾਹਿਬ ਵਿਚ ਉਨ੍ਹਾਂ ਨੇ ਮਨ ਨੂੰ ਸ਼ੁੱਧ ਕਿਰਆ ਵਲ ਪ੍ਰੇਰਨਾ ਦੇਣ ਤੇ ਅਸ਼ੁੱਧ ਕਿਰਆ ਤੋਂ ਵਰਜਣ ਦਾ ਉਪਰਾਲਾ ਵੀ ਕੀਤਾ ਹੈ।"

(ੳ) ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ।

ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥

ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ।

(ਅ) ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥

ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥

**ਕਰਮਕਾਂਡ** :- ਗੁਰੂ ਅਮਰਦਾਸ ਜੀ ਦੇ ਸਮੇਂ ਸਾਧਾਰਣ ਲੋਕ ਕਰਮਕਾਂਡ ਵਿਚ ਵਿਸ਼ਵਾਸ ਰਖਦੇ ਸਨ ਅਤੇ ਕਰਮਕਾਂਡ ਦਾ ਪ੍ਰਚਾਰ ਕਰਦੇ ਸਨ। ਗੁਰੂ ਜੀ ਦਾ ਵਿਸ਼ਵਾਸ ਹੈ ਕਿ ਜੀਵ ਦੀ ਗਤੀ ਕਰਮਕਾਂਡ ਨਾਲ ਨਹੀਂ ਹੋ ਸਕਦੀ। ਇਹ ਤਾਂ ਇਕ ਤਰ੍ਹਾਂ ਨਾਲ ਕਰਮਾਂ ਦਾ ਪਸਾਰ ਹੀ ਹੈ। ਗੁਰੂ ਸਾਹਿਬ ਨੇ ਸਮਕਾਲੀ ਬ੍ਰਾਹਮਣਾ ਉੱਤੇ ਟਿੱਪਣੀ ਕੀਤੀ ਹੈ-

"ਮੂਲੁ ਪੜਹਿ ਪੰਡਿਤ ਪੰਡਿਤੁ ਕਹਾਵਹਿ
ਦੂਜੈ ਭਾਇ ਮਹਾ ਦੁਖੁ ਪਾਵਹਿ
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ
ਆਵਣਿਆ।
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ
ਬੂਝਿ ਹਰਿ ਗਾਵਣਿਆ।

**ਆਚਾਰ ਸੰਬੰਧੀ ਵਿਚਾਰ** :- ਗੁਰੂ ਜੀ ਨੇ ਆਪਣੀ ਬਾਣੀ ਵਿਚ ਉੱਚੇ ਆਚਰਣ ਸੰਬੰਧੀ ਹੀ ਵਿਚਾਰ ਪ੍ਰਗਟਾਏ ਹਨ। ਇਹਨਾਂ ਵਿਚੋਂ ਕੁਝ ਵਿਚਾਰ ਅਸੀਂ ਇੱਥੇ ਦੇ ਰਹੇ ਹਾਂ-

(ੳ) "ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ
ਵਸਾਇ।"

(ਅ) "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ
ਇਕ ਠਾਇ।"

(ੲ) "ਪਰਾਈ ਅਮਾਣ ਕਿਉ ਰਖੀਐ ਦਿਤੀ ਹੀ

ਸੁਖ ਹੋਇ।"

(ਸ) "ਜਿੰਦਾ ਤੇਰੀ ਕਿਸੈ ਕੀ ਨਾਹਿ
ਗਲਮੁਖ ਸੁਗਾਧ ਰੋਲਿ।"

**ਸਿੱਟਾ** :- ਵਿਚਾਰ- ਵਟਾਂਦਰੇ ਪਿੱਛੋਂ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਗੁਰੂ ਅਮਰਦਾਸ ਜੀ ਦੀਆਂ ਰਚਨਾਵਾਂ ਵਿਚ ਉਨ੍ਹਾਂ ਦੇ ਧਾਰਮਿਕ ਅਧਿਆਤਮਕ, ਦਾਰਸ਼ਨਿਕ ਅਤੇ ਸਦਾਚਾਰਕ ਵਿਚਾਰ ਸਮੋਏ ਹੋਏ ਹਨ। ਉਨ੍ਹਾਂ ਦੇ ਪ੍ਰਮੁੱਖ ਵਿਚਾਰ ਹਨ - ਪਰਮ ਸਤਿ ਦੀ ਪ੍ਰਾਪਤੀ, ਸੱਚਾ ਸੋਹਿਲਾ ਸਤਿਗੁਰੂ ਮਹਾਤਿਮਾਂ, ਗੁਰੂ ਪ੍ਰਾਪਤੀ ਦਾ ਮਹੱਤਵ, ਅਨੰਦ ਦੀ ਪ੍ਰਾਪਤੀ, ਨਾਮ ਸਿਮਰਣ ਦਾ ਮਹੱਤਵ, ਸਾਹਿਮਾ ਦਾ ਵਰਤਾਰਾ, ਰਹੱਸਵਾਦੀ ਤੱਤ, ਭੇਦ ਤੇ ਭਗਤ ਦੀ ਨਾਸ਼ਮਾਨਤਾ, ਸੱਤ ਕਰਮ ਕਰਨ ਦੀ ਪ੍ਰੇਰਨਾ, ਰਸਮ-ਰਿਵਾਜ਼ ਦੀ ਨਿਖੇਧੀ, ਆਚਾਰ ਸੰਬੰਧੀ ਵਿਚਾਰ ਆਦਿ।